# ਅਮਰੀਕਾ ਵਿਚ ਲੁੱਟ ਅਤੇ ਗੁਰਬਤ ਖ਼ਿਲਾਫ਼ ਲਹਿਰ

ਪਿਛਲੇ ਮਹੀਨੇ ਤੋਂ ਅਮਰੀਕਾ ਵਿਚ ਬੈਂਕਾਂ ਅਤੇ ਹੋਰਨਾਂ ਸੂਦਖ਼ੋਰਾਂ ਖ਼ਿਲਾਫ਼ `ਅੱਕੂਪਾਈ ਵਾਲ ਸਟ੍ਰੀਟ` ਦੀ ਲਹਿਰ ਜ਼ੋਰ ਫੜ ਰਹੀ ਹੈ। ਅਮਰੀਕਾ ਦੇ ਸੈਂਕੜੇ ਹੀ ਛੋਟੇ ਅਤੇ ਵੱਡੇ ਸ਼ਹਿਰਾਂ ਵਿਚ ਲੋਕਾਂ ਨੇ ਧਰਨੇ ਦਿਤੇ ਹੋਏ ਹਨ। ਪੰਦਰਾਂ ਅਕਤੂਬਰ ਨੂੰ ਨਿਊਯਾਰਕ ਅਤੇ ਹੋਰਨਾਂ ਸ਼ਹਿਰਾਂ ਵਿਚ ਹਜ਼ਾਰਾਂ ਹੀ ਲੋਕਾਂ ਨੇ ਲੁੱਟ ਖਸੁੱਟ ਅਤੇ ਜੰਗ ਦੇ ਖ਼ਿਲਾਫ਼ ਮੁਜ਼ਾਹਰੇ ਕੀਤੇ।

ਅਮਰੀਕਾ ਵਿਚ ਪਿਛਲੇ ਕੁਝ ਸਾਲਾਂ ਵਿਚ ਬੈਂਕਾਂ ਨੇ ਹਜ਼ਾਰਾਂ ਹੀ ਲੋਕਾਂ ਨੂੰ ਬੇਘਰ ਕਰ ਦਿਤਾ ਹੈ। ਬਹੁਤ ਲੋਕਾਂ ਦੇ ਘਰ ਕੁਰਕ ਕਰ ਦਿਤੇ ਗਏ ਹਨ ਅਤੇ ਲੱਖਾਂ ਹੀ ਲੋਕਾਂ ਦੇ ਸਿਰਾਂ ਤੇ ਇਹ ਤਲਵਾਰ ਖੜੀ ਹੈ ਕਿ ਕਿਸੇ ਦਿਨ ਵੀ ਬੈਂਕ ਉਨ੍ਹਾਂ ਦੇ ਘਰ ਨਿਲਾਮ ਕਰ ਸਕਦੇ ਹਨ।

ਓਬਾਮਾ ਦੀ ਸਰਕਾਰ ਅਤੇ ਉਸ ਤੋਂ ਪਹਿਲਾਂ ਬੁਸ਼ ਦੇ ਸਰਕਾਰ ਨੇ ਕਈ ਟ੍ਰਿਲੀਅਨ ਡਾਲਰ ਸਰਕਾਰੀ ਖ਼ਜ਼ਾਨੇ ਵਿਚੋਂ ਇਨ੍ਹਾਂ ਬੈਂਕਾਂ ਨੂੰ ਦਿਤੇ ਹਨ ਪਰ ਇਨ੍ਹਾਂ ਬੈਂਕਾਂ ਨੇ ਲੋਕਾਂ ਨੂੰ ਸੁਖ ਦਾ ਸਾਹ ਨਹੀਂ ਲੈਣ ਦਿਤਾ। ਲੋਕ ਪੁੱਛ ਰਹੇ ਹਨ ਕਿ ਲੋਕਾਂ ਦੇ ਪੈਸੇ ਵਿਚੋਂ ਅਰਬਾਂ ਖਰਬਾਂ ਡਾਲਰ ਲੈ ਕੇ ਇਨ੍ਹਾਂ ਬੈਂਕਾਂ ਦੀ ਨੀਅਤ ਨਹੀਂ ਭਰੀ ਅਤੇ ਇਹ ਲੋਕਾਂ ਦੀ ਹੋਰ ਛਿੱਲ ਲਾਹ ਰਹੇ ਹਨ।

ਹਾਕਮ ਟੋਲੇ ਦੀ ਆਰਥਕ ਨੀਤੀਆਂ ਕਾਰਨ ਅਮਰੀਕਾ ਵਿਚ ਦੋ ਕਰੋੜ ਤੋਂ ਵੀ ਜ਼ਿਆਦਾ ਲੋਕ  ਬੇਰੁਜ਼ਗਾਰ ਹਨ। ਉਨ੍ਹਾਂ ਕੋਲ ਰੁਜ਼ਗਾਰ ਦਾ ਕੋਈ ਵਸੀਲਾ ਨਹੀਂ ਹੈ। ਬੈਂਕਾਂ ਅਤੇ ਵੱਡੀ ਕੰਪਨੀਆਂ ਦੇ ਮੁਨਾਫ਼ੇ ਬਹੁਤ ਵੱਧ ਰਹੇ ਹਨ। ਸਰਕਾਰ ਵਲੋਂ ਇਨ੍ਹਾਂ ਬੈਂਕਾਂ ਅਤੇ ਵੱਡੀ ਕੰਪਨੀਆਂ ਨੂੰ ਬਹੁਤ ਹੀ ਸਹੂਲਤਾਂ ਅਤੇ ਸਰਕਾਰੀ ਖ਼ਜ਼ਾਨੇ ਵਿਚੋਂ ਅਰਬਾਂ ਖਰਬਾਂ ਡਾਲਰ ਦਿਤੇ ਜਾ ਰਹੇ ਹਨ।

ਲੋਕ ਪੁੱਛ ਰਹੇ ਹਨ ਕਿ ਜੰਗ ਦੇ ਸਾਮਾਨ ਅਤੇ ਲੜਾਈ ਤੇ ਸਰਕਾਰ ਅਰਬਾਂ ਖਰਬਾਂ ਡਾਲਰ ਖ਼ਰਚ ਕਰ ਰਹੀ ਹੈ ਪਰ ਲੋਕਾਂ ਦੀਆਂ ਲੋੜਾਂ ਤੇ ਖ਼ਰਚ ਕਰਨ ਵੇਲੇ ਓਬਾਮਾ ਸਰਕਾਰ ਅਤੇ ਕਾਂਗਰਸ ਕਹਿ ਰਹੇ ਹਨ ਕਿ ਸਰਕਾਰ ਕੋਲ ਪੈਸਾ ਨਹੀਂ ਹੈ ਅਤੇ ਸਰਕਾਰ ਘਾਟੇ ਵਿਚ ਜਾ ਰਹੀ ਹੈ ਅਤੇ ਇਸ ਲਈ ਸਮਾਜੀ ਸੇਵਾਵਾਂ ਵਿਚ ਕਟੌਤੀਆਂ ਕਰਨ ਦੀ ਲੋੜ ਹੈ। ਸਿਹਤ, ਤਾਲੀਮ ਅਤੇ ਲੋਕਾਂ ਦੀਆਂ ਹੋਰ ਸਮਾਜੀ ਸੇਵਾਵਾਂ ਉਪਰ ਖ਼ਰਚੇ ਵਿਚ ਬਹੁਤ ਕਟੌਤੀ ਕੀਤੀ ਜਾ ਰਹੀ ਹੈ।

`ਆਕੂਪਾਈ ਵਾਲ ਸਟ੍ਰੀਟ` ਦਾ ਨਾਅਰਾ ਹੈ ਕਿ ਸਰਕਾਰ ਅਤੇ ਬੈਂਕਾਂ ਵਾਲੇ ਸਾਡੀ 99 ਫ਼ੀ ਸਦੀ ਲੋਕਾਂ ਦੀ ਛਿੱਲ ਲਾਹ ਰਹੇ ਹਨ। ਲੋਕ ਇਸ ਲੁੱਟ ਖਸੁੱਟ ਨੂੰ ਖਤਮ ਕਰਨਾ ਚਾਹੁੰਦੇ ਹਨ। ਇਨ੍ਹਾਂ ਧਰਨਿਆਂ ਵਿਚ ਨੌਜਵਾਨ, ਮੁੰਡੇ ਕੁੜੀਆਂ, ਬਜ਼ੁਰਗ, ਸੇਵਾ-ਮੁਕਤ ਲੋਕੀ ਅਤੇ ਸਮਾਜ ਦੇ ਹਰ ਹਿੱਸੇ ਤੋਂ ਲੋਕ ਸ਼ਾਮਿਲ ਹਨ। ਇਹ ਵਾਕਿਆ ਹੀ ੯੯ ਫ਼ੀ ਸਦੀ ਹਨ।

ਉਹ ਸਾਰੇ ਫੈਸਲੇ ਜਮਹੂਰੀ ਤਰੀਕੇ ਨਾਲ ਸਾਰਿਆਂ ਦੇ ਸਾਮ੍ਹਣੇ ਕਰਦੇ ਹਨ ਅਤੇ ਹਰੇਕ ਨੂੰ ਆਪਣੀ ਰਾਏ ਦੇਣ ਦਾ ਹੱਕ ਹੈ। ਹਰ ਰੋਜ਼ ਜਨਰਲ ਅਸੰਬਲੀ ਵਿਚ ਲੋਕ ਫੈਸਲੇ ਕਰਦੇ ਹਨ। ਲੋਕ ਤੰਬੂਆਂ ਵਿਚ ਰਹਿ ਰਹੇ ਹਨ ਅਤੇ ਸਾਰੀਆਂ ਲੋੜਾਂ ਲਈ ਕਮੇਟੀਆਂ ਬਣੀਆਂ ਹੋਈਆਂ ਹਨ। ਇਕ ਤੰਬੂ ਵਿਚ ਵਕੀਲਾਂ ਦਾ ਡੇਰਾ ਹੈ ਤਾਂ ਕਿ ਉਹ ਕਾਨੂੰਨੀ ਸਲਾਹ ਮਸ਼ਵਰਾ ਦੇ ਸਕਣ। ਇਕ ਤੰਬੂ ਵਿਚ ਲੰਗਰ ਦਾ ਇੰਤਜ਼ਾਮ ਹੈ। ਇਕ ਤੰਬੂ ਵਿਚ ਮੀਡੀਆ ਦਾ ਦਫ਼ਤਰ ਹੈ। ਇਕ ਹੋਰ ਤੰਬੂ ਵਿਚ ਡਾਕਟਰਾਂ ਦਾ ਡੇਰਾ ਹੈ। ਇਸ ਤਰਾਂ ਧਰਨਾ ਦੇਣ ਵਾਲਿਆਂ ਨੇ ਆਪਣੀ ਬਸਤੀ ਅਤੇ ਸ਼ਹਿਰ ਕਾਇਮ ਕਰ ਲਿਆ ਹੈ। `ਅੱਕੂਪਾਈ ਵਾਲ ਸਟ੍ਰੀਟ` ਨਿਊਯਾਰਕ ਦੇ ਲੋਕਾਂ ਬਾਰੇ ਇਕ ਖੋਜ ਪੱਤਰ ਨੇ ਦੱਸਿਆ ਹੈ ਕਿ ਤਕਰੀਬਨ ਸੱਤਰ ਫ਼ੀ ਸਦੀ ਲੋਕ ਨੌਜਵਾਨ ਹਨ ਅਤੇ ਇਨ੍ਹਾਂ ਵਿਚੋਂ ਸੱਠ ਫ਼ੀ ਸਦੀ ਲੋਕ ਤਾਲਮੇਲ ਦੇ ਜ਼ਰੀਏ ਫੇਸ-ਬੁਕ ਅਤੇ ਹੋਰ ਦੂਸਰੇ ਇਲੈਕਟ੍ਰਾਨਿਕ ਤਰੀਕੇ ਸਾਂਝੇ ਥਾਂ ਵਰਤ ਰਹੇ ਹਨ। ਇਸ ਲਹਿਰ ਅਤੇ ਧਰਨਿਆਂ ਦਾ ਕੋਈ ਇਕ ਜਾਂ ਕੁਝ ਲੀਡਰ ਨਹੀਂ ਹਨ। ਸਾਰੇ ਲੋਕ ਆਪ ਹੀ ਲੀਡਰ ਹਨ।

ਸ਼ਹਿਰ ਦੇ ਦੂਸਰੇ ਲੋਕ ਧਰਨਾ ਦੇ ਰਹੇ ਲੋਕਾਂ ਦੀ ਹਿਮਾਇਤ ਵਿਚ ਰਸਦ, ਖਾਣਾ, ਦੁਆਈਆਂ ਅਤੇ ਹੋਰ ਲੋੜੀਂਦਾ ਚੀਜ਼ਾਂ ਲਿਆਉਂਦੇ ਰਹਿੰਦੇ ਹਨ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਦੇ ਹਨ। ਹਰ ਰੋਜ਼ ਕੋਈ ਨਾ ਕੋਈ ਮਸ਼ਹੂਰ ਦਾਨਸ਼ਵਰ ਅਤੇ ਸਰਗਰਮ ਕਾਰਕੁੰਨ ਆਉਂਦੇ ਰਹਿੰਦੇ ਹਨ। ਅੱਕੂਪਾਈ ਬਾਸਟਨ ਵਿਚ ਨੋਮ ਚੌਮਸਕੀ ਅਤੇ ਨਿਊਯਾਰਕ ਵਿਚ ਜੀਜਕ ਨੇ ਆ ਕੇ ਹੱਲਾ ਸ਼ੇਰੀ ਦਿਤੀ ਹੈ। ਬਹੁਤ ਸਾਰੀਆਂ ਟਰੇਡ ਯੂਨੀਅਨਾਂ ਵੀ ਇਸ ਲਹਿਰ ਨਾਲ ਖੜੀਆਂ ਹਨ। ਬਾਸਟਨ ਅਤੇ ਨਿਊਯਾਰਕ ਵਿਚ ਨਸਲੀ ਵਿਤਕਰੇ ਦੇ ਖ਼ਿਲਾਫ਼ ਹਾਰਲਮ ਅਤੇ ਰਾਕਸਬਰੀ ਜੋ ਕਿ ਕਾਲੇ ਲੋਕਾਂ ਦੀਆਂ ਬਸਤੀਆਂ ਹਨ ਉਥੇ ਸਭਨਾਂ ਨੇ ਰਲ-ਮਿਲ ਕੇ "ਅੱਕੂਪਾਈ ਦਾ ਹੁਡ" ਦੀ ਮੁਹਿਮ ਸ਼ੁਰੂ ਕੀਤੀ ਹੈ।

ਹੋਰਨਾਂ ਥਾਂਵਾਂ ਵਾਂਗ ਅਮਰੀਕਾ ਦੇ ਲੋਕ ਵੀ ਨਵੀਂ ਉਸਾਰੀ ਦੀ ਮੰਗ ਕਰ ਰਹੇ ਹਨ ਅਤੇ ਉਸ ਲਈ ਘੋਲ ਕਰ ਰਹੇ ਹਨ। `ਅੱਕੂਪਾਈ ਵਾਲ ਸਟ੍ਰੀਟ` ਲਹਿਰ ਨਵੀਂ ਉਸਾਰੀ ਲਈ ਇਸ ਤਾਂਘ ਦਾ ਹੀ ਇਜ਼ਹਾਰ ਹੈ। ਕਈ ਪੁੱਛਦੇ ਹਨ ਕਿ ਇਸ ਲਹਿਰ ਦੀਆਂ ਮੰਗਾਂ ਕੀ ਹਨ? ਅੱਕੂਪੇਸ਼ਨ ਲਹਿਰ ਦੇ ਕਾਰਕੁਨਾਂ ਦਾ ਕਹਿਣਾ ਹੈ ਕਿ ਅਸੀਂ ਵਿਚਾਰ ਵਟਾਂਦਰਾ ਕਰ ਰਹੇ ਹਾਂ ਤਾਂ ਕਿ ਲੋਕਲ ਅਤੇ ਨੈਸ਼ਨਲ ਮੰਗਾਂ ਉਲੀਕੀਆਂ ਜਾ ਸਕਣ ਇਸ ਲਈ ਇਸ ਵੇਲੇ ਅਸੀਂ ਸਿਰਫ਼ ਲੋਕਾਂ ਨੂੰ ਕਾਲ ਦੇ ਰਹੇ ਹਾਂ ਕਿ ਇਕੱਠੇ ਹੋ ਕੇ ਆਪਣੇ ਮਸਲਿਆਂ ਦਾ ਹੱਲ ਲੱਭਣ ਅਤੇ ਲੋਕ ਇਕੱਠੇ ਹੋਕੇ ਵਿਚਾਰ ਵਟਾਂਦਰਾ ਕਰ ਰਹੇ ਹਨ।